# ਨੋਟ
## ਵਰਲਡ ਕੱਪ ਕਬੱਡੀ, ਪੰਜਾਬ-2010

ਪੰਜਾਬ ਸਰਕਾਰ ਵੱਲੋਂ ਸਰਕਲ ਸਟਾਈਲ ਕਬੱਡੀ ਦੀ ਲੋਕਪ੍ਰਿਯਤਾ ਨੂੰ ਦੇਖਦੇ ਹੋਏ ਪਹਿਲੀ ਵਾਰ ਵਰਲਡ ਕੱਪ ਕਬੱਡੀ 2010 ਨੂੰ ਪੰਜਾਬ ਰਾਜ ਵਿੱਚ ਮਿਤੀ 3.4.10 ਤੋਂ 15.4.10 ਤੱਕ ਪਟਿਆਲਾ, ਬਠਿੰਡਾ, ਜਲੰਧਰ, ਗੁਰਦਾਸਪੁਰ, ਹੁਸਿਆਰਪੁਰ, ਮੁਕਤਸਰ ਤੇ ਲੁਧਿਆਣਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਕੱਪ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੀ ਟੀਮ ਨੂੰ ਕ੍ਰਮਵਾਰ 1.00 ਕਰੋੜ, 51.00 ਲੱਖ ਅਤੇ 25.00 ਲੱਖ ਰੁਪਏ ਦੇ ਇਨਾਮ ਦਿੱਤੇ ਜਾਣਗੇ। ਇਸ ਅੰਤਰਰਾਸਟਰੀ ਈਵੈਂਟ ਵਿੱਚ ਭਾਰਤ ਸਮੇਤ ਇੰਗਲੈਂਡ, ਅਮਰੀਕਾ, ਕਨੇਡਾ, ਪਾਕਿਸਤਾਨ, ਈਰਾਨ, ਆਸਟਰੇਲੀਆ, ਇਟਲੀ, ਇੰਡੀਆ, ਨਾਰਵੇ, ਨਿਊਜੀਲੈਂਡ, ਸ੍ਰੀਲੰਕਾ, ਮਲੇਸੀਆ ਦੇਸ਼ਾਂ ਦੀਆਂ ਟੀਮਾਂ ਦੇ ਭਾਗ ਲੈਣ ਦੀ ਸੰਭਾਵਨਾ ਹੈ।